# ਮੱਧ ਪੱਛਮੀ ਇਲਾਕੇ ਵਿੱਚ ਖਣਿਜ ਲੱਭਣ ਜਾਣਾ

ਵਿਕਟੋਰੀਆ ਦੀ ਸਰਕਾਰ ਮੱਧ ਪੱਛਮੀ ਇਲਾਕੇ ਵਿੱਚ 75,000 ਹੈਕਟੇਅਰ ਤੋਂ ਵੱਧ ਨਵੇਂ ਪਾਰਕ ਅਤੇ ਹਰਿਆਲੀ ਵਾਲੇ ਖੇਤਰ ਬਣਾ ਰਹੀ ਹੈ, ਜਿਸ ਵਿੱਚ ਤਿੰਨ ਨਵੇਂ ਰਾਸ਼ਟਰੀ ਪਾਰਕ ਵੀ ਸ਼ਾਮਲ ਹਨ।

## ਮੱਧ ਪੱਛਮੀ ਇਲਾਕੇ ਵਿੱਚ ਖਣਿਜ ਲੱਭਣ ਜਾਣਾ

ਵਿਕਟੋਰੀਆ ਵਾਸੀ ਰਾਜ ਦੇ 3.1 ਮਿਲੀਅਨ ਹੈਕਟੇਅਰ ਰਾਜ ਦੇ ਜੰਗਲਾਂ ਦੇ ਨਾਲ-ਨਾਲ ਹੋਰ ਜਨਤਕ ਜ਼ਮੀਨ ਵਿੱਚ ਖਣਿਜ ਲੱਭ ਸਕਦੇ ਹਨ।

ਵਿਕਟੋਰੀਆ ਦੀ ਸਰਕਾਰ ਮੱਧ ਪੱਛਮੀ ਵਿਕਟੋਰੀਆ ਵਿੱਚ 75,000 ਹੈਕਟੇਅਰ ਤੋਂ ਵੱਧ ਨਵੇਂ ਪਾਰਕ ਅਤੇ ਹਰਿਆਲੀ ਵਾਲੇ ਖੇਤਰ ਬਣਾ ਰਹੀ ਹੈ, ਜਿਸ ਵਿੱਚ ਤਿੰਨ ਨਵੇਂ ਰਾਸ਼ਟਰੀ ਪਾਰਕ ਵੀ ਸ਼ਾਮਲ ਹਨ।

ਖਣਿਜ ਲੱਭਣ ਵਾਲਿਆਂ ਲਈ, ਇਸ ਦਾ ਮਤਲਬ ਇਹ ਹੈ ਕਿ ਮੱਧ ਪੱਛਮੀ ਵਿਕਟੋਰੀਆ ਵਿੱਚ 49,000 ਹੈਕਟੇਅਰ ਤੋਂ ਵੱਧ ਜਨਤਕ ਜ਼ਮੀਨ ਉੱਤੇ ਮਨੋਰੰਜਨ ਲਈ ਖਣਿਜ ਲੱਭਣ ਦੇ ਮੌਕੇ ਜਾਰੀ ਰਹਿਣਗੇ।

ਮਨੋਰੰਜਨ ਲਈ ਖਣਿਜ ਲੱਭਣ ਵਾਲੇ ਸਥਾਨਾਂ ਵਿੱਚ ਰਾਜ ਦੇ ਜੰਗਲ, ਖੇਤਰੀ ਪਾਰਕਾਂ, ਜੰਗਲ ਦੇ ਹਰਿਆਲੀ ਵਾਲੇ ਖੇਤਰ ਅਤੇ ਇਤਿਹਾਸਕ ਹਰਿਆਲੀ ਵਾਲੇ ਖੇਤਰ ਸ਼ਾਮਲ ਹਨ, ਜੋ ਪ੍ਰਬੰਧਨ ਯੋਜਨਾਬੰਦੀ ਦੇ ਅਧੀਨ ਹਨ।

ਵੈਲਜ਼ਫੋਰਡ ਖੇਤਰ ਵਿੱਚ ਬੈਂਡੀਗੋ ਖੇਤਰੀ ਪਾਰਕ ਦਾ ਵਿਸਥਾਰ ਕਰਕੇ, ਖਣਿਜ ਲੱਭਣ ਵਾਲੇ ਇਸ ਖੇਤਰ ਵਿੱਚ ਇਸ ਗਤੀਵਿਧੀ ਦਾ ਅਨੰਦ ਲੈਣ ਦੇ ਯੋਗ ਰਹਿਣਗੇ।

- ਵਿਕਟੋਰੀਆ ਦੀ ਸਰਕਾਰ ਮੰਨਦੀ ਹੈ ਕਿ ਖਣਿਜ ਲੱਭਣਾ ਸਾਡੇ ਇਤਿਹਾਸ ਦਾ ਇਕ ਮਹੱਤਵਪੂਰਣ ਹਿੱਸਾ ਹੈ, ਅਤੇ ਮੱਧ ਪੱਛਮੀ ਤਫ਼ਤੀਸ਼ ਵਾਲੇ ਖੇਤਰ ਵਿੱਚ ਇਹ ਇਕ ਮਹੱਤਵਪੂਰਣ ਮਨੋਰੰਜਕ ਗਤੀਵਿਧੀ ਬਣੀ ਹੋਈ ਹੈ।
- ਤਫ਼ਤੀਸ਼ ਵਾਲੇ ਖੇਤਰ ਵਿੱਚ ਰਾਜ ਦੇ ਜੰਗਲਾਂ, ਖੇਤਰੀ ਪਾਰਕਾਂ, ਜੰਗਲ ਦੇ ਹਰਿਆਲੀ ਵਾਲੇ ਖੇਤਰਾਂ ਅਤੇ ਇਤਿਹਾਸਕ ਹਰਿਆਲੀ ਵਾਲੇ ਖੇਤਰਾਂ ਦੇ ਅੰਦਰ ਮਨੋਰੰਜਨ ਦੇ ਰੂਪ ਵਿੱਚ ਖਣਿਜ ਲੱਭਣ ਵਾਲਿਆਂ ਲਈ ਮੌਕੇ ਜਾਰੀ ਰਹਿਣਗੇ।
- ਨਵੇਂ ਅਤੇ ਵਿਸਥਾਰ ਕੀਤੇ ਖੇਤਰੀ ਪਾਰਕ, ਖਣਿਜ ਲੱਭਣ ਸਮੇਤ ਮਨੋਰੰਜਨ ਗਤੀਵਿਧੀਆਂ ਦੀ ਵਿਆਪਕ ਲੜੀ ਦੀ ਵਿਵਸਥਾ ਕਰਦੇ ਹਨ।
- ਉਹ ਖੇਤਰੀ ਕਸਬਿਆਂ, ਅਤੇ ਉਹਨਾਂ ਥਾਵਾਂ ਦੇ ਨੇੜੇ ਹਨ ਜਿੱਥੇ ਮਨੋਰੰਜਨ ਲਈ ਖਣਿਜ ਲੱਭਣ ਵਾਲੀਆਂ ਅਤੇ ਹੋਰ ਗਤੀਵਿਧੀਆਂ ਪਹਿਲਾਂ ਹੀ ਵਾਪਰਦੀਆਂ ਹਨ।

- ਹਾਲਾਂਕਿ ਵਿਕਟੋਰੀਆ ਵਾਸੀ ਕਿੱਥੇ ਖਣਿਜ ਲੱਭਣ ਜਾ ਸਕਦੇ ਹਨ, ਇਸ ਵਿੱਚ ਕੁਝ ਤਬਦੀਲੀਆਂ ਹੋਣਗੀਆਂ, ਪਰ ਇਹ ਉਦੋਂ ਤੱਕ ਲਾਗੂ ਨਹੀਂ ਹੋਣਗੀਆਂ ਜਦੋਂ ਤੱਕ ਨਵੇਂ ਰਾਸ਼ਟਰੀ ਪਾਰਕ ਸਥਾਪਤ ਨਹੀਂ ਹੋ ਜਾਂਦੇ।
  ਜ਼ਮੀਨੀ ਸਰੋਤ ਰੈਗੂਲੇਸ਼ਨ ਨੇ ਨਵੇਂ ਆਉਣ ਵਾਲਿਆਂ ਨੂੰ ਸੌਖੇ ਸੁਝਾਅ ਪ੍ਰਦਾਨ ਕਰਨ ਦੇ ਨਾਲ-ਨਾਲ ਵਧੇਰੇ ਤਜਰਬੇਕਾਰ ਇਹ ਵਰਣਨ ਕਰਨ ਲਈ ਹਵਾਲਾ ਗਾਈਡ ਵਜੋਂ ਇਕ ਮਨੋਰੰਜਨ ਲਈ ਖਣਿਜ ਲੱਭਣ ਵਾਲੀ ਗਾਈਡ ਵਿਕਸਤ ਕੀਤੀ ਹੈ ਕਿ ਖਣਿਜ ਕਿੱਥੇ ਲੱਭੇ ਜਾ ਸਕਦੇ ਹਨ, ਕਿਹੜੇ ਸਾਜ਼ੋ-ਸਾਮਾਨ ਦੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਸਹੀ ਚੀਜ਼ਾਂ ਕਿਵੇਂ ਕਰਨੀਆਂ ਹਨ। ਗਾਈਡ ਇੱਥੇ ਲੱਭੀ ਜਾ ਸਕਦੀ ਹੈ।

## ਵੈਲਸਫੋਰਡ ਬਲਾਕ

ਸੈਲਾਨੀ ਬੈਂਡੀਗੋ ਖੇਤਰੀ ਪਾਰਕ ਵਿੱਚ ਲਗਭਗ 7,000 ਹੈਕਟੇਅਰ ਦੇ ਵਾਧੇ ਵਿੱਚ ਮਨੋਰੰਜਨ ਦੇ ਰੂਪ ਵਿੱਚ ਖਣਿਜ ਲੱਭਣ ਸਮੇਤ ਕਈ ਗਤੀਵਿਧੀਆਂ ਦਾ ਅਨੰਦ ਲੈਣਾ ਜਾਰੀ ਰੱਖਣ ਦੇ ਯੋਗ ਹੋਣਗੇ।

## ਵੋਮਬੈਟ-ਮੈਸੀਡਨ ਬਲਾਕ

ਇਸ ਬਲਾਕ ਵਿੱਚ ਛੇ ਨਵੇਂ ਅਤੇ ਵਿਸਥਾਰ ਕੀਤੇ ਖੇਤਰੀ ਪਾਰਕ ਹਨ, ਜੋ ਕੁੱਲ ਮਿਲਾ ਕੇ ਲਗਭਗ 24,000 ਹੈਕਟੇਅਰ ਹਨ, ਜੋ ਮਨੋਰੰਜਨ ਲਈ ਖਣਿਜ ਲੱਭਣ ਲਈ ਮੌਕੇ ਪ੍ਰਦਾਨ ਕਰਨਾ ਜਾਰੀ ਰੱਖਣਗੇ। ਇਹ ਨਵੇਂ ਬਾਰਕਸਟੇਡ, ਬਲੈਕਵੁੱਡ, ਸਪਾਰਗੋ ਕਰੀਕ ਅਤੇ ਫਿੰਗਰਪੋਸਟ ਖੇਤਰੀ ਪਾਰਕ ਹਨ, ਅਤੇ ਮੌਜੂਦਾ ਹੇਪਬਰਨ ਅਤੇ ਮੈਸੀਡਨ ਖੇਤਰੀ ਪਾਰਕਾਂ ਵਿੱਚ ਵਾਧੇ ਹਨ।

ਬਲਾਕ ਭਰ ਵਿੱਚ ਬਹੁਤ ਸਾਰੇ ਜੰਗਲੀ ਹਰਿਆਲੀ ਵਾਲੇ ਖੇਤਰਾਂ ਅਤੇ ਇਤਿਹਾਸਕ ਹਰਿਆਲੀ ਵਾਲੇ ਖੇਤਰਾਂ ਵਿੱਚ ਮਨੋਰੰਜਨ ਲਈ ਖਣਿਜ ਲੱਭਣ ਦੇ ਮੌਕੇ ਜਾਰੀ ਰਹਿਣਗੇ।

## ਮਾਊਂਟ ਕੋਲ-ਪਾਇਰੀਨੀਜ਼ ਬਲਾਕ

ਇਸ ਬਲਾਕ ਵਿੱਚ ਰਾਜ ਦੇ ਜੰਗਲਾਂ ਦੇ ਮਹੱਤਵਪੂਰਣ ਖੇਤਰਾਂ ਨੂੰ ਬਣਾਈ ਰੱਖਣਾ, ਜਿਸ ਵਿੱਚ ਪਾਇਰੀਨੀਜ਼ (3,099 ਹੈਕਟੇਅਰ) ਅਤੇ ਮਾਊਂਟ ਕੋਲ (5,037 ਹੈਕਟੇਅਰ) ਰਾਜ ਦੇ ਜੰਗਲ ਸ਼ਾਮਲ ਹਨ, ਮਨੋਰੰਜਨ ਲਈ ਖਣਿਜ ਲੱਭਣ ਸਮੇਤ ਕਈ ਮਨੋਰੰਜਕ ਕੰਮਾਂ ਨੂੰ ਜਾਰੀ ਰੱਖਣ ਦੀ ਆਗਿਆ ਦਿੰਦੇ ਹਨ।

ਪਾਇਰੀਨੀਜ਼ ਖੇਤਰੀ ਪਾਰਕ, ਪਰਸੀਡੇਲ ਹਿਸਟੋਰਿਕ ਰਿਜ਼ਰਵ, ਅਤੇ ਸਾਰੇ ਬਲਾਕ ਵਿੱਚ ਬਹੁਤ ਸਾਰੇ ਜੰਗਲੀ ਹਰਿਆਲੀ ਵਾਲੇ ਖੇਤਰਾਂ ਵਿੱਚ ਮਨੋਰੰਜਨ ਲਈ ਖਣਿਜ ਲੱਭਣ ਦੇ ਮੌਕੇ ਜਾਰੀ ਰਹਿਣਗੇ।

## ਇਹਨਾਂ ਤਬਦੀਲੀਆਂ ਬਾਰੇ

ਇਹ ਤਬਦੀਲੀਆਂ ਵਿਕਟੋਰੀਅਨ ਵਾਤਾਵਰਣ ਮੁਲਾਂਕਣ ਕੌਂਸਲ (VEAC's) ਦੀ ਮੱਧ ਪੱਛਮੀ ਤਫ਼ਤੀਸ਼ ਦੀ ਅਖੀਰਲੀ ਰਿਪੋਰਟ ਅਤੇ ਇਸ ਦੀਆਂ ਸਿਫਾਰਸ਼ਾਂ ਪ੍ਰਤੀ ਵਿਕਟੋਰੀਆ ਸਰਕਾਰ ਦੀ ਪ੍ਰਤੀਕਿਰਿਆ ਨੂੰ ਦਰਸਾਉਂਦੀਆਂ ਹਨ।

ਇਹ ਤਬਦੀਲੀਆਂ ਸਾਡੇ ਕੀਮਤੀ ਵਾਤਾਵਰਣ ਅਤੇ ਜੈਵ-ਵਿਭਿੰਨਤਾ ਦੇ ਵੈਭਵ ਨੂੰ ਸੁਰੱਖਿਅਤ ਰੱਖਦੀਆਂ ਹਨ, ਅਤੇ ਟਿਕਾਊ ਸੰਤੁਲਨ ਕਾਇਮ ਕਰਦੀਆਂ ਹਨ, ਜਿਸ ਦਾ ਉਦੇਸ਼ ਹੁਣ ਅਤੇ ਭਵਿੱਖ ਵਿੱਚ ਸਾਰੇ ਜ਼ਮੀਨੀ ਖਪਤਕਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਹੈ।

ਤੁਸੀਂ ਸਾਡੀ ਵੈੱਬਸਾਈਟ ਉੱਤੇ ਸਰਕਾਰੀ ਪ੍ਰਤੀਕਿਰਿਆ ਵੇਖ ਸਕਦੇ ਹੋ।

ਘਰੇਲੂ ਬਾਲਣ ਵਾਲੀ ਲੱਕੜਾਂ ਦੇ ਇਕੱਠੀਆਂ ਕਰਨਾ ਬਾਰੇ ਵਧੇਰੇ ਜਾਣਕਾਰੀ ਇੱਥੇ ਉਪਲਬਧ ਹੈ https://www.ffm.vic.gov.au/firewood/ firewood-collection-in-your-region

ਜੇ ਤੁਹਾਨੂੰ ਸਹਾਇਤਾ ਚਾਹੀਦੀ ਹੈ, ਅਨੁਵਾਦ ਅਤੇ ਦੋਭਾਸ਼ੀਆ ਸੇਵਾ ਵਿੱਚ ਮਦਦ ਲਈ ਕਿਰਪਾ ਕਰਕੇ Translating and Interpreting Service (TIS) ਨੂੰ ਸੰਪਰਕ ਕਰੋ। TIS National ਨੂੰ 131 450 (ਆਸਟ੍ਰੇਲੀਆ ਦੇ ਅੰਦਰ) ਉੱਤੇ ਸੰਪਰਕ ਕਰੋ ਜਾਂ www.tisnational.gov.au ਉੱਤੇ ਜਾਓ